**ਆਈ. ਸੀ. ਏ. ਆਰ. - ਕੇਂਦਰੀ ਕਪਾਹ ਖ਼ੋਜ ਸੰਸਥਾ, ਨਾਗਪੁਰ**

**ਨਰਮੇਂ - ਕਪਾਹ ਦੀ ਕਾਸ਼ਤ ਲਈ ਗਿਆਰਵੀਂ ਹਫ਼ਤਾਵਾਰੀ ਸਲਾਹ (27 ਅਗਸਤ ਤੋਂ 02 ਸਿਤੰਬਰ, 2024 ਤੱਕ)**

| ਪੰਜਾਬ | | ਅਸਲ ਵਿੱਚ ਪਿਆ ਮੀਂਹ (ਮਿਲੀ ਮੀਟਰਾਂ ਵਿੱਚ-ਆਈ. ਐੱਮ. ਡੀ.) | | | | | ਮੀਂਹ ਦੀ ਭਵਿੱਖਬਾਣੀ (ਮਿਲੀ ਮੀਟਰਾਂ ਵਿੱਚ-ਆਈ. ਐੱਮ. ਡੀ.) | | | | |
|---|---|---|---|---|---|---|---|---|---|---|---|
| | | ਅਗਸਤ | | | | | ਅਗਸਤ | | | | |
| | | 23 | 24 | 25 | 26 | 27 | 29 | 30 | 31 | 01 | 02 |
|  | ਫ਼ਿਰੋਜ਼ਪੁਰ | | | | | | 1 | 8 | 4 | 5 | 1 |
| | ਫ਼ਰੀਦਕੋਟ | 0 | 0 | 7.6 | 0.8 | 0 | 1 | 2 | 4 | 5 | 1 |
| | ਮੁਕਤਸਰ | | | | | | 2 | 1 | 4 | 4 | 1 |
| | ਬਠਿੰਡਾ | 0 | 0 | 0 | 0 | 26.4 | 2 | 2 | 6 | 4 | 2 |
| | ਸੰਗਰੂਰ | 0 | 0 | 0.5 | 0 | 0 | 2 | 3 | 5 | 2 | 0 |
| | ਲੁਧਿਆਣਾ | 1.8 | 0.2 | 0 | 0 | 15 | 4 | 7 | 5 | 1 | 0 |
| ਮੀਂਹ ਦੀ ਮਾਤਰਾ ਅਤੇ ਰੰਗ ਕੋਡ | | 0.1 ਤੋਂ 2.4 ਮਿ. ਮੀ. | | 2.5 ਤੋਂ 15.5 ਮਿ. ਮੀ. | | 15.6 ਤੋਂ 64.4 ਮਿ. ਮੀ. | | 64.5 ਤੋਂ 115.5 ਮਿ. ਮੀ. | | 115.6 ਤੋਂ 204.4 ਮਿ. ਮੀ. | |
| ਮੀਂਹ ਦੀ ਕਿਸਮ | | ਬਹੁਤ ਹਲਕਾ ਮੀਂਹ | | ਹਲਕਾ ਮੀਂਹ | | ਮੱਧਮ ਦਰਜੇ ਦਾ ਮੀਂਹ | | ਭਾਰਾ ਮੀਂਹ | | ਬਹੁਤ ਭਾਰਾ ਮੀਂਹ | |

**ਫ਼ਸਲ ਦੀ ਹਾਲਤ :**

ਬਠਿੰਡਾ ਵਿਖੇ ਫ਼ਸਲ 95 ਤੋਂ 115 ਦਿਨਾਂ ਦੀ ਹੈ ਅਤੇ ਟੀਂਡੇ ਬਣ ਰਹੇ ਹਨ। ਗੁਡਾਈ ਅਤੇ ਨਦੀਨ ਕੱਢਣ ਦਾ ਕੰਮ ਕੀਤਾ ਗਿਆ ਹੈ। ਜਿੱਥੇ ਫ਼ਸਲ ਫੁੱਲਾਂ ਤੇ ਹੈ ਉੱਥੇ 2 % ਪੋਟਾਸ਼ੀਅਮ ਨਾਈਟ੍ਰੇਟ (13:0:45) ਦਾ ਛਿੜਕਾਅ ਕੀਤਾ ਗਿਆ ਹੈ। ਚਿੱਟੀ ਮੱਖੀ ਦੀ ਮਿਕਦਾਰ 6–27 ਪ੍ਰਤੀ ਤਿੰਨ ਪੱਤੇ, ਹਰਾ ਤੇਲਾ 0-3 ਪ੍ਰਤੀ ਤਿੰਨ ਪੱਤੇ ਅਤੇ ਫੁੱਲਾਂ ਵਿੱਚ 0-5 % ਤੱਕ ਗੁਲਾਬੀ ਸੁੰਡੀ ਦਾ ਹਮਲਾ ਦੇਖਿਆ ਗਿਆ ਹੈ। ਕੁੱਝ ਖ਼ੇਤਾਂ ਵਿੱਚ ਪੱਤਾ ਮਰੋੜ ਬਿਮਾਰੀ ਦਾ ਹਮਲਾ ਵੀ ਦੇਖਿਆ ਗਿਆ ਹੈ।

ਫ਼ਰੀਦਕੋਟ ਵਿਖੇ ਫ਼ਸਲ 101 ਤੋਂ 106 ਦਿਨਾਂ ਦੀ ਹੈ ਅਤੇ ਟੀਂਡੇ ਬਣ ਰਹੇ ਹਨ। ਹੱਥਾਂ ਨਾਲ ਗੋਡੀ ਕੀਤੀ ਗਈ ਹੈ, ਖ਼ਾਦ ਪਾਈ ਗਈ ਹੈ ਅਤੇ ਨਦੀਨਨਾਸ਼ਕ ਅਤੇ ਕੀਟਨਾਸ਼ਕ ਜ਼ਹਿਰਾਂ ਦੇ ਛਿੜਕਾਅ ਕੀਤੇ ਗਏ ਹਨ। ਹਰੇ ਤੇਲੇ ਅਤੇ ਜੂੰ ਦਾ ਹਮਲਾ ਆਰਥਿਕ ਪੱਧਰ ਤੋਂ ਥੱਲੇ ਸੀ ਅਤੇ ਬਹੁਤੀਆਂ ਥਾਵਾਂ ਤੇ ਚਿੱਟੀ ਮੱਖੀ ਦੀ ਮਿਕਦਾਰ ਦਰਮਿਆਨੇ ਦਰਜੇ ਤੋਂ ਲੈ ਕੇ ਤੋਂ ਬਹੁਤ ਜ਼ਿਆਦਾ ਮਿਕਦਾਰ ਵਿੱਚ ਸੀ ਅਤੇ ਬਹੁਤੇ ਖ਼ੇਤਾਂ ਵਿੱਚ ਗੁਲਾਬੀ ਸੁੰਡੀ ਦਾ ਹਮਲਾ ਆਰਥਿਕ ਪੱਧਰ ਤੋਂ ਥੱਲੇ ਦੇਖਿਆ ਗਿਆ। ਕੁੱਝ ਥਾਵਾਂ ਤੇ ਪੈਰਾਵਿਲਟ ਦੇਖੀ ਗਈ ਹੈ ਅਤੇ ਪੱਤਾ ਮਰੋੜ ਬਿਮਾਰੀ ਕੁਝ ਥਾਵਾਂ ਤੇ II-III ਦਰਜੇ ਤੱਕ ਸੀ।

**ਸਲਾਹ :-**

ਬਠਿੰਡਾ ਵਿਖੇ ਕਿਸਾਨਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਨਰਮੇ–ਕਪਾਹ ਦੇ ਖ਼ੇਤਾਂ ਵਿੱਚ ਹਫ਼ਤੇ ਦੇ ਫ਼ਰਕ ਤੇ 4 ਛਿੜਕਾਅ 2% ਪੋਟਾਸ਼ੀਅਮ ਨਾਈਟ੍ਰੇਟ (13:0:45) ਦੇ ਛਿੜਕਾਅ ਕਰੋ ਤਾਂ ਕਿ ਜ਼ਿਆਦਾ ਟੀਂਡੇ ਬਣ ਸਕਣ ਤੇ ਫੁੱਲ – ਡੋਡੀ ਘੱਟ ਡਿੱਗੇ। ਜੇ ਚਿੱਟੀ ਮੱਖੀ ਆਰਥਿਕ ਪੱਧਰ ਤੋਂ ਉੱਪਰ ਹੋਵੇ ਤਾਂ ਇਸ ਨੂੰ ਕਾਬੂ ਕਰਨ ਲਈ ਅਫੀਡੋਪਾਈਰਨ 50 ਡੀ ਸੀ @ 400 ਮਿਲੀਲੀਟਰ ਪ੍ਰਤੀ ਏਕੜ ਜਾਂ ਫਲੋਨਿਕਾਮਿਡ 50 ਡਬਲਯੂ ਜੀ @ 80 ਗ੍ਰਾਮ ਪ੍ਰਤੀ ਏਕੜ ਜਾਂ ਕਲੋਥਿਆਨਿਡਿਨ 50 ਡਬਲਯੂ ਡੀ ਜੀ @ 20 ਗ੍ਰਾਮ ਪ੍ਰਤੀ ਏਕੜ ਜਾਂ ਡਾਇਨੋਟਫੁਰਾਨ 20 ਐਸ ਜੀ @ 60 ਗ੍ਰਾਮ ਪ੍ਰਤੀ ਏਕੜ ਦਾ ਛਿੜਕਾਅ ਕਰੋ। ਹਰੇ ਤੇਲੇ ਲਈ ਡਾਇਨੋਟੇਫੁਰਾਨ 20 ਐਸ ਜੀ @ 60 ਗ੍ਰਾਮ ਪ੍ਰਤੀ ਏਕੜ ਜਾਂ ਟੌਲਫੇਨਪਾਈਰਾਡ 15 ਈ ਸੀ @ 400 ਮਿਲੀਲੀਟਰ ਪ੍ਰਤੀ ਏਕੜ ਜਾਂ ਫੇਨਪਾਇਰੋਕਸੀਮੇਟ 5 ਈ ਸੀ @ 300 ਮਿਲੀਲੀਟਰ ਪ੍ਰਤੀ ਏਕੜ ਦਾ ਛਿੜਕਾਅ ਕਰੋ। ਜੇਕਰ ਜੂੰ ਦੀ ਮਿਕਦਾਰ ਆਰਥਿਕ ਪੱਧਰ ਤੋਂ ਉੱਪਰ ਹੋਵੇ ਤਾਂ ਪ੍ਰੋਫੇਨੋਫੋਸ 50 ਈ. ਸੀ. @ 600 ਮਿਲੀਲੀਟਰ ਪ੍ਰਤੀ ਏਕੜ ਜਾਂ ਸਪਾਈਨਟੋਰਾਮ 11.7 % ਐਸ. ਸੀ. @ 170 ਮਿਲੀਲੀਟਰ ਪ੍ਰਤੀ ਏਕੜ ਦਾ ਛਿੜਕਾਅ ਕਰੋ । ਜੇਕਰ ਖ਼ੇਤ ਵਿੱਚ ਭੰਬੀਰੀ ਵਰਗੇ ਫੁੱਲ ਹਨ ਤਾਂ ਉਹਨਾਂ ਨੂੰ ਤੋੜ ਕੇ ਨਸ਼ਟ ਕਰ ਦਿਓ। ਜੇ ਗੁਲਾਬੀ ਸੁੰਡੀ ਫੁੱਲਾਂ ਅਤੇ ਹਰੇ ਟੀਂਡਿਆਂ ਵਿੱਚ ਆਰਥਿਕ ਪੱਧਰ ਤੋਂ ਉੱਪਰ (5 ਪ੍ਰਤੀਸ਼ਤ ਤੋਂ ਉੱਪਰ) ਹੋਵੇ ਤਾਂ ਪ੍ਰੋਫੇਨੋਫੋਸ 50 ਈ. ਸੀ. @ 600 ਮਿਲੀਲੀਟਰ ਪ੍ਰਤੀ ਏਕੜ ਜਾਂ ਇਮਾਮੇਕਟਿਨ ਬੇਨਜ਼ੋਏਟ 5 ਐਸ. ਜੀ. @ 100 ਗ੍ਰਾਮ ਪ੍ਰਤੀ ਏਕੜ ਦਾ ਛਿੜਕਾਅ ਕਰੋ। ਨਰਮੇਂ ਦੇ ਪੱਤਿਆਂ ਤੇ ਉੱਲੀਆਂ ਕਰਕੇ ਹੋਏ ਧੱਬਿਆਂ ਦੀ ਰੋਕਥਾਮ ਲਈ 200 ਲੀਟਰ ਪਾਣੀ ਵਿੱਚ ਅਜ਼ੋਕਸੀਸਟ੍ਰੋਬਿਨ 18.2 + ਡਾਈਫੇਨਕੋਨਾਜ਼ੋਲ 11.4 @ 200 ਮਿਲੀਲੀਟਰ ਦਾ ਛਿੜਕਾਅ ਕਰੋ।

ਫ਼ਰੀਦਕੋਟ ਵਿਖੇ, ਕਿਸਾਨਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਸਮੇਂ ਸਿਰ ਬੀਜੀ ਨਰਮੇਂ ਦੀ ਫ਼ਸਲ ਤੇ ਫੁੱਲ ਆਉਣ ਤੋਂ ਬਾਅਦ 2% ਪੋਟਾਸ਼ੀਅਮ ਨਾਈਟ੍ਰੇਟ (13:0:45) ਦੇ ਛਿੜਕਾਅ ਕਰਨ ਤਾਂ ਕਿ ਜ਼ਿਆਦਾ ਟੀਂਡੇ ਬਣ ਸਕਣ ਤੇ ਫੁੱਲ – ਡੋਡੀ ਘੱਟ ਡਿੱਗੇ। ਨਰਮੇ 'ਤੇ

ਕਿਸੇ ਵੀ ਕਿਸਮ ਦੇ ਛਿੜਕਾਅ ਲਈ ਖਾਰੇ/ਟਿਊਬਵੈੱਲ ਦੇ ਪਾਣੀ ਤੋਂ ਪਰਹੇਜ਼ ਕਰੋ ਕਿਉਂਕਿ ਜ਼ਿਆਦਾ ਲੂਣ / ਖਾਰਾ ਪਾਣੀ ਕਈ ਵਾਰ ਨਰਮੇ ਦੇ ਪੱਤਿਆਂ ਦੇ ਕਿਨਾਰਿਆਂ ਨੂੰ ਸਾੜ ਦਿੰਦਾ ਹੈ। ਜਿੰਨਾ ਕਿਸਾਨਾਂ ਦੇ ਖ਼ੇਤਾਂ ਵਿੱਚ ਪਿਛਲੇ ਸਾਲ ਨਰਮੇ ਦੇ ਪੱਤੇ ਲਾਲ ਹੋਏ ਸਨ ਉਹ ਪੂਰੀ ਤਰ੍ਹਾਂ ਫੁੱਲ – ਡੋਡੀ ਲਗਣ ਅਤੇ ਟੀਂਡੇ ਬਣਨ ਦੌਰਾਨ 15 ਦਿਨਾਂ ਦੇ ਵਕਫ਼ੇ ਤੇ 1 % ਮੈਗਨੀਸ਼ੀਅਮ ਸਲਫੇਟ ($MgSO_4$) ਦੇ 2 ਛਿੜਕਾਅ ਕਰੋ । ਦੋਵੇਂ ਰਸਾਇਣਾਂ (ਪੋਟਾਸ਼ੀਅਮ ਨਾਈਟ੍ਰੇਟ ਅਤੇ ਮੈਗਨੀਸ਼ੀਅਮ ਸਲਫੇਟ) ਨੂੰ ਮੌਸਮ ਅਤੇ ਵਰਖਾ ਦੇ ਅਧਾਰ ਤੇ ਬਦਲਵੇਂ ਹਫਤਿਆਂ ਵਿੱਚ ਛਿੜਕਾਅ ਕਰਨਾ ਚਾਹੀਦਾ ਹੈ। ਜ਼ਿਆਦਾ ਮੀਂਹ ਪੈਣ ਤੋਂ ਬਾਅਦ ਖੇਤ ਵਿਚੋਂ ਪਾਣੀ ਕੱਢ ਦਿਓ। ਨਦੀਨਾਂ ਨੂੰ ਕ਼ਾਬੂ ਕਰਨ ਲਈ ਇੱਕ ਰੱਖਿਆਤਮਕ ਹੁੱਡ ਦੀ ਵਰਤੋਂ ਕਰਕੇ ਫਸਲ ਦੀਆਂ ਕਤਾਰਾਂ ਦੇ ਵਿਚਕਾਰ ਨਿਰਦੇਸ਼ਿਤ ਸਪਰੇਅ ਵਜੋਂ 100 ਲੀਟਰ ਪਾਣੀ ਵਿੱਚ 500 ਮਿਲੀਲੀਟਰ ਗਲੂਫੋਸਿਨੇਟ ਅਮੋਨੀਅਮ 13.5 ਐਸ ਐਲ ਦਾ ਘੋਲ ਬਣਾ ਕੇ ਛਿੜਕਾਅ ਕਰੋ। ਗਲੂਫੋਸਿਨੇਟ ਗ਼ੈਰ–ਚੋਣਵੀਂ ਨਦੀਨਨਾਸ਼ਕ ਹੈ ਅਤੇ ਜੇ ਇਹ ਫ਼ਸਲ ਦੇ ਪੱਤਿਆਂ 'ਤੇ ਡਿੱਗਦਾ ਹੈ ਤਾਂ ਫਸਲ ਨੂੰ ਨੁਕਸਾਨ ਹੁੰਦਾ ਹੈ। ਜਾਂ ਫ਼ਿਰ ਸਾਲਾਨਾ ਘਾਹ ਅਤੇ ਚੌੜੇ ਪੱਤੇ ਵਾਲੇ ਨਦੀਨਾਂ ਨੂੰ ਕ਼ਾਬੂ ਕਰਨ ਲਈ ਬਿਜਾਈ ਤੋਂ 30-35 ਦਿਨਾਂ ਬਾਅਦ ਪਾਈਰੀਥੀਓਬੈਕ ਸੋਡੀਅਮ 6 ਪ੍ਰਤੀਸ਼ਤ + ਕੁਇਜ਼ਲੋਫੋਪ ਈਥਾਈਲ 4 ਪ੍ਰਤੀਸ਼ਤ @ 500 ਮਿਲੀਲੀਟਰ ਪ੍ਰਤੀ ਏਕੜ ਨੂੰ 150 ਲਿਟਰ ਪਾਣੀ ਵਿਚ ਘੋਲ ਕੇ ਛਿੜਕਾਅ ਕਰੋ। ਬਦਲ ਦੇ ਤੌਰ ਤੇ ਉੱਗ ਰਹੇ ਨਦੀਨਾਂ ਨੂੰ ਕਾਬੂ ਕਰਨ ਲਈ ਟਰੈਕਟਰ ਨਾਲ ਅਤੇ ਹੱਥਾਂ ਨਾਲ ਗੋਡੀਆਂ ਕਰੋ। ਜੇਕਰ ਜੂੰ ਦਾ ਹਮਲਾ ਜਿਆਦਾ ਹੋਵੇ ਤਾਂ ਇਸ ਦੀ ਰੋਕਥਾਮ ਲਈ ਪ੍ਰੋਫ਼ੇਨੋਫੋਸ 50 ਈ. ਸੀ. @ 600 ਮਿਲੀਲੀਟਰ ਪ੍ਰਤੀ ਏਕੜ ਜਾਂ ਸਪਾਈਨਟੋਰਾਮ @ 170 ਮਿਲੀਲੀਟਰ ਪ੍ਰਤੀ ਏਕੜ ਦਾ ਛਿੜਕਾਅ ਕਰੋ। ਜੇ ਚਿੱਟੀ ਮੱਖੀ ਆਰਥਿਕ ਪੱਧਰ ਤੋਂ ਉੱਪਰ ਹੋਵੇ ਤਾਂ ਫਲੋਨੀਕਾਮਿਡ 50 ਡਬਲਯੂ ਜੀ @ 80 ਗ੍ਰਾਮ / ਏਕੜ ਜਾਂ ਡਾਇਨੋਟੇਫੁਰਾਨ 20 ਐਸ ਜੀ @ 60 ਗ੍ਰਾਮ ਪ੍ਰਤੀ ਏਕੜ ਛਿੜਕਾਅ ਕਰੋ; ਜੇਕਰ ਚਿੱਟੀ ਮੱਖੀ ਦੇ ਬਾਲਗਾਂ ਅਤੇ ਬੱਚਿਆਂ ਦਾ ਹਮਲਾ ਜਿਆਦਾ ਹੈ ਅਤੇ ਪੱਤੇ ਕਾਲੇ ਹੋ ਰਹੇ ਹਨ ਤਾਂ ਅਫੀਡੋਪਾਈਰੋਪੇਨ @ 400 ਮਿਲੀਲੀਟਰ ਪ੍ਰਤੀ ਏਕੜ ਜਾਂ ਪਾਈਰੀਪਰੋਕਸੀਫੇਨ @ 400 ਮਿਲੀਲੀਟਰ ਪ੍ਰਤੀ ਏਕੜ ਨੂੰ ਅਦਲ–ਬਦਲ ਕੇ ਛਿੜਕਾਅ ਕਰੋ। ਖ਼ਾਸ ਕਰਕੇ ਅਗੇਤੀ ਬੀਜੀ ਫ਼ਸਲ ਵਿੱਚ ਗੁਲਾਬੀ ਸੁੰਡੀ ਦੇ ਹਮਲੇ ਲਈ ਫੁੱਲ–ਡੋਡੀ ਦੀ ਜਾਂਚ ਕਰੋ। ਜੇ ਗੁਲਾਬੀ ਸੁੰਡੀ ਆਰਥਿਕ ਪੱਧਰ ਤੋਂ ਉੱਪਰ ਹੋਵੇ ਤਾਂ ਪ੍ਰੋਫ਼ੇਨੋਫੋਸ 50 ਈ. ਸੀ. @ 600 ਮਿਲੀਲੀਟਰ ਪ੍ਰਤੀ ਏਕੜ ਜਾਂ ਇਮਾਮੇਕਟਿਨ ਬੇਨਜ਼ੋਏਟ 5 ਐਸ. ਜੀ. @ 100 ਗ੍ਰਾਮ ਪ੍ਰਤੀ ਏਕੜ ਜਾਂ ਇੰਡੋਕਸਾਕਾਰਬ 14.5 ਐਸ. ਸੀ. @ 200 ਮਿਲੀਲੀਟਰ ਪ੍ਰਤੀ ਏਕੜ ਦਾ ਛਿੜਕਾਅ ਕਰੋ। ਗੁਲਾਬੀ ਸੁੰਡੀ ਦੀ ਨਿਗਰਾਨੀ ਲਈ 2 ਫ਼ਿਰੋਮੋਨ ਟ੍ਰੈਪ ਪ੍ਰਤੀ ਏਕੜ ਦੇ ਹਿਸਾਬ ਨਾਲ ਬੂਟਿਆਂ ਤੋਂ 30 ਸੈਂਟੀਮੀਟਰ ਉੱਪਰ ਲਗਾਓ। ਲਿਓਰ ਨੂੰ ਸਮੇਂ ਅਨੁਸਾਰ ਬਦਲੋ। ਭਾਰੇ ਮੀਂਹ/ ਸਿੰਚਾਈ ਤੋਂ ਬਾਅਦ ਨਰਮੇਂ ਦੀ ਫ਼ਸਲ ਵਿੱਚ ਪੈਰਾਵਿਲਟ ਕਰਕੇ ਕੁੱਝ ਬੂਟੇ ਮੁਰਝਾ ਜਾਂਦੇ ਹਨ। ਪੈਰਾਵਿਲਟ ਦੀਆਂ ਮੁਢਲੀਆਂ ਨਿਸ਼ਾਨੀਆਂ ਦੇਖਦੇ ਸਾਰ ਹੀ, ਉਹਨਾਂ ਬੂਟਿਆਂ ਉੱਪਰ ਕੋਬਾਲਟ ਕਲੋਰਾਈਡ @ 10 ਮਿ. ਗ੍ਰਾਮ ਪ੍ਰਤੀ ਲਿਟਰ ਪਾਣੀ ਦਾ ਪ੍ਰਭਾਵਿਤ ਬੂਟਿਆਂ ਤੇ ਛਿੜਕਾਅ ਕਰੋ। ਨਰਮੇਂ ਦੇ ਪੱਤਿਆਂ ਤੇ ਉੱਲੀਆਂ ਕਰਕੇ ਹੋਏ ਧੱਬਿਆਂ ਦੀ ਰੋਕਥਾਮ ਲਈ 200 ਲੀਟਰ ਪਾਣੀ ਵਿੱਚ ਅਜ਼ੋਕਸੀਸਟ੍ਰੋਬਿਨ 18.2 + ਡਾਈਫੇਨਕੋਨਾਜ਼ੋਲ 11.4 @ 200 ਮਿਲੀਲੀਟਰ ਦਾ ਛਿੜਕਾਅ ਕਰੋ। ਨਰਮੇਂ ਦੇ ਪੱਤਾ ਮਰੋੜ ਬਿਮਾਰੀ ਦੇ ਫੈਲਣ ਨੂੰ ਰੋਕਣ ਲਈ ਉੱਪਰ ਸਿਫਾਰਸ਼ ਕੀਤੀਆਂ ਕੀਟਨਾਸ਼ਕਾਂ ਦੀ ਵਰਤੋਂ ਕਰਕੇ ਫ਼ਸਲ ਨੂੰ ਚਿੱਟੀ ਮੱਖੀ ਤੋਂ ਬਚਾਓ।